Australian Government

Migration Review Tribunal · Refugee Review Tribunal

# ਸੇਵਾ ਚਾਰਟਰ



ਸਾਡਾ ਉਦੇਸ਼ ਨਿਰਪੱਖ, ਉਚਿੱਤ, ਕਿਫਾਇਤੀ, ਅਨੌਪਚਾਰਿਕ ਅਤੇ ਜਲਦੀ ਫ਼ੈਸਲੇ ਕਰਨਾ ਹੈ ਅਤੇ ਹਰ ਇੱਕ ਨਾਲ ਸ਼ਿਸ਼ਟਾਚਾਰ, ਸਨਮਾਨ ਅਤੇ ਇਜ਼ੱਤ ਵਾਲਾ ਸਲੂਕ ਕਰਨਾ ਹੈ।

### ਤੁਹਾਡੇ ਵੱਲ ਸਾਡੀ ਪ੍ਰਤਿਬਧਤਾ

ਇਹ ਸੇਵਾ ਚਾਰਟਰ ਦੋਬਾਰਾ ਵਿਚਾਰ ਵਾਲੇ ਅਰਜ਼ੀਕਰਤਾਵਾਂ ਅਤੇ ਹੋਰ ਵਿਅਕਤੀਆਂ ਜਿਨ੍ਹਾਂ ਲਈ ਅਸੀਂ ਪ੍ਰਬੰਧ ਕਰਦੇ ਹਾਂ, ਨੂੰ ਪ੍ਰਦਾਨ ਕੀਤੀ ਜਾਣ ਵਾਲੀ ਇੱਕ ਪੇਸ਼ੇਵਰ ਅਤੇ ਸ਼ਿਸ਼ਟਾਚਾਰੀ ਸੇਵਾ ਦੇਣ ਦੀ ਸਾਡੀ ਪ੍ਰਤਿਬਧਤਾ ਨੂੰ ਦਰਸਾਉਂਦਾ ਹੈ। ਇਹ ਦਸਦਾ ਹੈ ਕਿ ਤੁਸੀਂ ਸਾਡੇ ਤੋਂ ਕੀ ਉਮੀਦ ਕਰ ਸਕਦੇ ਹੋ, ਸਾਡੀ ਸੇਵਾ ਦੇ ਮਾਨਕ ਕੀ ਹਨ ਅਤੇ ਤੁਸੀਂ ਕਿੱਸ ਤਰਾਂ ਕੋਈ ਸੁਝਾਹ ਜਾਂ ਸ਼ਿਕਾਇਤ ਕਰ ਸਕਦੇ ਹੋ।

## ਸਾਡੇ ਉਦੇਸ਼ ਹਨ:

- ਤੁਹਾਡੇ ਨਾਲ ਪੇਸ਼ ਆਉਂਦੇ ਵੇਲੇ ਅਸੀਂ ਸਹਾਇਕ, ਤਾਤਕਾਲਿਕ ਅਤੇ ਸੰਮਾਨਜਨਕ ਬਣਿਏ
- ਉਹ ਭਾਸ਼ਾ ਵਰਤੀ ਜਾਵੇ ਜੋ ਕਿ ਸਪੱਸ਼ਟ ਅਤੇ ਸੱਮਝਣ ਨੂੰ ਸੌਖੀ ਹੋਵੇ।
- ਜੋ ਤੁਸੀਂ ਸਾਨੂੰ ਕਹਿਣਾ ਹੈ ਉਸਨੂੰ ਧਿਆਨ ਨਾਲ ਸੁਣੀਏ
- 2 ਕਾਰਜਕਾਰੀ ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਦੋਬਾਰਾ ਵਿਚਾਰ ਲਈ ਆਈਆਂ ਅਰਜ਼ੀਆਂ ਦੀ ਪ੍ਰਾਪਤੀ-ਸੂਚਨਾ ਦੇਣਾ
- ਸਾਡੇ ਸਾਰੇ ਪਤਰਚਾਰਾਂ ਵਿੱਚ ਸੰਪਰਕ ਲਈ ਇੱਕ ਨਾਮ ਅਤੇ ਟੈਲੀਫੋਨ ਨੰਬਰ ਸ਼ਾਮਲ ਕਰਨਾ
- ਸਾਡੀਆਂ ਕਾਰ-ਪ੍ਰਣਾਲੀਆਂ ਨੂੰ ਸੱਮਝਣ ਵਿੱਚ ਤੁਹਾਡੀ ਮਦਦ ਕਰਨੀ
- ਇਸ ਬਾਰੇ ਵਿੱਚ ਜਾਣਕਾਰੀ ਪ੍ਰਦਾਨ ਕਰਨੀ ਕਿ ਤੁਸੀਂ ਸਲਾਹ ਅਤੇ ਸਹਾਇਤਾ ਕਿੱਥੋਂ ਪ੍ਰਾਪਤ ਕਰ ਸੱਕਦੇ ਹੋ
- ਜੇਕਰ ਤੁਹਾਡੀਆਂ ਕੋਈ ਖਾਸ ਜ਼ਰੂਰਤਾਂ ਹਨ ਤਾਂ ਤੁਹਾਡੀ ਸਹਾਇਤਾ ਲਈ ਕੋਸ਼ਿਸ਼ ਕਰਨੀ
- ਜਦੋਂ ਅਸੀਂ ਕੋਈ ਫ਼ੈਸਲਾ ਲੈਣਾ ਹੈ ਤਾਂ ਲਿਖਤੀ ਰੂਪ 'ਚ ਉਸਦੇ ਕਾਰਨ ਪ੍ਰਦਾਨ ਕਰਨੇ
- ਕਿਸੇ ਵਿਸ਼ੇਸ਼ ਮਾਮਲਿਆਂ ਨੂੰ ਸਾਡੇ ਵੱਲੋਂ ਅਗੇਤ ਕਰਨ ਸਬੰਧਤ ਦਿਸ਼ਾਨਿਰਦੇਸ਼ਾਂ ਨੂੰ ਪ੍ਰਕਾਸ਼ਿਤ ਕਰਨਾ
- ਉਹ ਸਮਾਂ ਮਾਨਕਾਂ ਨੂੰ ਪ੍ਰਕਾਸ਼ਿਤ ਕਰਨਾ ਜਿੰਨ੍ਹਾਂ ਅੰਦਰ ਅਸੀਂ ਦੋਬਾਰਾ ਵਿਚਾਰ ਲਈ ਆਈਆਂ ਅਰਜ਼ੀਆਂ ਨੂੰ ਪੂਰਾ ਕਰਨ ਦਾ ਟੀਚਾ ਰੱਖਦੇ ਹਾਂ
- Australian Public Service Values (ਆਸਟ੍ਰੇਲਿਆ ਲੋਕ ਸੇਵਾ ਦੀਆਂ ਮਾਨਤਾਵਾਂ) ਅਤੇ Code of Conduct (ਆਸਟ੍ਰੇਲਿਆ ਲੋਕ ਸੇਵਾ ਦੀ ਆਚਾਰ-ਸੰਹਿਤਾ) ਦਾ ਪਾਲਣ ਕਰਨਾ
- Member Code of Conduct (ਮੈਂਬਰ ਆਚਾਰ-ਸੰਹਿਤਾ) ਦਾ ਪਾਲਣ ਕਰਨਾ
- ਮਾਮਲਿਆਂ ਦੇ ਬੋਝ (ਕੇਸਲੋਡ਼) ਅਤੇ ਟ੍ਰਾਈਬਿਊਨਲ ਦੇ ਪ੍ਰਦਰਸ਼ਨ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰਨਾ

## ਤੁਹਾਡੇ ਹੱਕ ਹਨ:

- ਸ਼ਿਸ਼ਟਾਚਾਰੀ ਅਤੇ ਪੇਸ਼ੇਵਰ ਸੇਵਾ ਦੀ ਪ੍ਰਾਪਤੀ
- ਇੱਕ ਨਿਰਪੱਖ ਸੁਣਵਾਈ ਦੀ ਪ੍ਰਾਪਤੀ
- ਸਾਡੀਆਂ ਕਾਰ-ਪ੍ਰਣਾਲੀਆਂ ਬਾਰੇ ਜਾਣਕਾਰੀ ਦੀ ਪ੍ਰਾਪਤੀ
- ਕਾਨੂੰਨ ਦੇ ਅਨੁਸਾਰ ਨਿਜੀ ਜਾਣਕਾਰੀ ਨੂੰ ਗੁਪਤ ਰੱਖੇ ਜਾਣਾ
- ਕਿਸੇ ਹੋਰ ਵਿਅਕਤੀ ਤੋਂ ਸਲਾਹ ਅਤੇ ਸਹਾਇਤਾ ਲੈਣਾ (ਬਹੁਤ ਸੀਮਿਤ ਅਪਵਾਦਾਂ 'ਚ, ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਇਹ ਵਿਅਕਤੀ ਇੱਕ ਮਾਈਗ੍ਰੇਸ਼ਨ ਏਜੰਟ ਦੇ ਰੂਪ ਵਿੱਚ ਰਜਿਸਟਰ ਹੋਇਆ ਹੋਣਾ ਚਾਹੀਦਾ ਹੈ)
- ਜਿੱਥੇ ਜ਼ਰੂਰਤ ਹੋਵੇ ਸੁਣਵਾਈ ਲਈ ਇੱਕ ਦੋਭਾਸ਼ਿਆ ਦਾ ਪ੍ਰਬੰਧ
- ਆਪਣੇ ਕੇਸ ਦੇ ਅੱਗੇ ਵਧਣ ਅਤੇ ਉਸਦੇ ਪ੍ਰੋਸੈਸਿੰਗ ਸਮੇਂ ਦੇ ਇੱਕ ਅਨੁਮਾਨ ਬਾਰੇ ਜਾਣਕਾਰੀ
- ਆਪਣੇ ਕੇਸ ਦੇ ਦਸਤਾਵੇਜ਼ਾਂ ਤੱਕ ਪਹੁੰਚ ਅਤੇ ਸੁਣਵਾਈ ਦੀ ਇੱਕ ਆਡੀਉ ਰਿਕਾਰਡਿੰਗ ਦੀ ਮੰਗ
- ਕਿਸੇ ਵੀ ਸ਼ਿਕਾਇਤ ਦਾ ਨਿਰਪੱਖ ਅਤੇ ਜਲਦੀ ਨਬੇੜਾ
- ਅਪੀਲ ਅਧਿਕਾਰਾਂ ਬਾਰੇ ਸੂਚਿਤ ਰਹਿਣਾ

## ਤੁਸੀਂ ਕੀ ਕਰ ਸਕਦੇ ਹੋ:

- ਜੇਕਰ ਤੁਹਾਡੀ ਸੰਪਰਕ ਜਾਣਕਾਰੀ ਵਿੱਚ ਕੋਈ ਵੀ ਤਬਦੀਲੀ ਆਉਂਦੀ ਹੈ ਤਾਂ ਸਾਨੂੰ ਲਿਖਤੀ ਰੂਪ 'ਚ ਇਸ ਬਾਰੇ ਤੁਰੰਤ ਦੱਸੋ
- ਜੇਕਰ ਤੁਹਾਡੇ ਹਾਲਾਤ ਬਦਲਦੇ ਹਨ ਤਾਂ ਸਾਨੂੰ ਲਿਖਤੀ ਰੂਪ 'ਚ ਦੱਸੋ
- ਸਾਡੇ ਨਾਲ ਹੋਣ ਵਾਲੇ ਸਾਰੇ ਸੰਪਰਕਾਂ 'ਚ ਆਪਣਾ ਕੇਸ ਨੰਬਰ ਲਿਖੋ
- ਪਤਰਚਾਰ ਦਾ ਜਵਾਬ ਸਮੇਂ ਸਿਰ ਦਿਉ
- ਜੇਕਰ ਤੁਹਾਨੂੰ ਇੱਕ ਦੋਭਾਸ਼ਿਏ ਦੀ ਜ਼ਰੂਰਤ ਹੈ ਤਾਂ ਸਾਨੂੰ ਦੱਸੋ
- ਸਾਡੇ ਮੈਂਬਰਾਂ ਅਤੇ ਸਟਾਫ ਨਾਲ ਸ਼ਿਸ਼ਟਾਚਾਰੀ ਸਲੂਕ ਕਰੋ

# ਸਾਡੇ ਨਾਲ ਸੰਚਾਰ

## ਅਰਜ਼ੀ ਜਾਂ ਕੋਈ ਹੋਰ ਦਸਤਾਵੇਜ਼ ਜਮ੍ਹਾਂ ਕਰਾਉਣੇ

ਪੱਤਰ, ਫਾਰਮ, ਦਸਤਾਵੇਜ਼ ਅਤੇ ਬੇਨਤੀਆਂ ਡਾਕ ਦੁਆਰਾ, ਜਾਂ ਫੈਕਸ ਰਾਹੀਂ ਭੇਜੀਆਂ ਜਾ ਸਕਦੀਆਂ ਹਨ। ਜੇਕਰ ਤੁਸੀਂ ਦਸਤਾਵੇਜ਼ ਫੈਕਸ ਰਾਹੀਂ ਭੇਜ ਰਹੇ ਹੋ, ਤਾਂ ਤੁਹਾਨੂੰ ਦਸਤਾਵੇਜ਼ ਦੀ ਨਕਲ ਜਾਂ ਖੁਦ ਦਸਤਾਵੇਜ਼ ਹੀ ਦੋਬਾਰਾ ਤੋਂ ਡਾਕ ਰਾਹੀਂ ਭੇਜਣ ਦੀ ਲੋੜ ਨਹੀਂ ਜਦੋਂ ਤੱਕ ਕਿ ਉਹ ਅਸਲੀ ਦਸਤਾਵੇਜ਼ ਜਾਂ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਨਕਲਾਂ ਨਾ ਹੋਣ (ਜਿਵੇਂ ਕਿ ਜਨਮ ਪ੍ਰਮਾਣ ਪੱਤਰ, ਵਿਆਹ ਪ੍ਰਮਾਣ ਪੱਤਰ ਜਾਂ ਵਿਦਿਅਕ ਯੋਗਤਾਵਾਂ)।

## ਸਾਡੇ ਨਾਲ ਸੰਪਰਕ

*ਵਿਅਕਤੀਗਤ ਰੂਪ ਵਿੱਚ*

ਸਾਡੇ ਸਿਡਨੀ ਅਤੇ ਮੈੱਲਬਰਨ ਵਾਲੇ ਦਫਤਰ ਕਾਰਜ ਦਿਵਸਾਂ ਤੇ ਸਵੇਰੇ **8:30** ਤੋਂ ਸ਼ਾਮ **5:00** ਵਜੇ ਦੇ ਵਿੱਚਕਾਰ ਖੁੱਲੇ ਹੁੰਦੇ ਹਨ।

ਜੇਕਰ ਤੁਸੀਂ ਕੋਈ ਗੱਲ ਪੁਛਣੀ ਹੈ, ਅਰਜ਼ੀ ਜਮ੍ਹਾਂ ਕਰਾਓਣੀ ਹੈ, ਜਾਂ ਕੋਈ ਹੋਰ ਦਸਤਾਵੇਜ਼ ਜਮ੍ਹਾਂ ਕਰਾਓਣੇ ਹਨ ਤਾਂ, ਤੁਹਾਨੂੰ ਅਪੌਇੰਟਮੈਂਟ ਲੈਣ ਦੀ ਜ਼ਰੂਰਤ ਨਹੀਂ ਹੈ।

*ਸਾਡੇ ਦਫਤਰ ਹਨ:*

**ਨਿਊ ਸਾਊਥ ਵੇਲਸ ਰਜਿਸਟਰੀ**
Level 11, 83 Clarence Street Sydney NSW 2000
*(ਡਾਕ: GPO Box 1333*
*Sydney NSW 2001)*
ਫੋਨ: (02) 9276 5000 ਫੈਕਸ: (02) 9276 5599

**ਵਿਕਟੋਰਿਆ ਰਜਿਸਟਰੀ**
Level 12, 460 Lonsdale Street Melbourne VIC 3000
*(ਡਾਕ: PO Box 14158*
*Melbourne VIC 8001)*
ਫੋਨ: (03) 8600 5900 ਫੈਕਸ: (03) 8600 5801

ਰਵਿਊ ਲਈ ਅਰਜ਼ੀਆਂ ਹੇਠ ਲਿਖੀਆਂ AAT (ਏਏਟੀ) ਦੀਆਂ ਰਜਿਸਟ੍ਰੀਆਂ ਤੇ ਵੀ ਜਮ੍ਹਾਂ ਕਰਾਈਆਂ ਜਾ ਸਕਦੀਆਂ ਹਨ।

**ਕੁਈਂਸਲੈਂਡ**
Level 4, 119 North Quay
Brisbane QLD 4000
ਫੈਕਸ (07) 3361 3001

**ਸਾਊਥ ਆਸਟ੍ਰੇਲਿਆ**
11th Floor, 91 Grenfell Street Adelaide
SA 5000
ਫੈਕਸ (08) 8201 0610

**ਵੈੱਸਟ੍ਰਨ ਆਸਟ੍ਰੇਲਿਆ**
Level 5, 111 St Georges Terrace
Perth WA 6000
ਫੈਕਸ (08) 9327 7299

*ਫੋਨ ਦੁਆਰਾ*

ਸਾਡਾ ਰਾਸ਼ਟਰੀ ਪੁੱਛਗਿਛ ਨੰਬਰ 1300 361 969 ਹੈ। ਇਹ ਨੰਬਰ ਆਸਟ੍ਰੇਲਿਆ ਵਿੱਚ ਕਿਤੋਂ ਵੀ ਮਿਲਾਇਆ ਜਾ ਸਕਦਾ ਹੈ, ਸਿਵਾਏ ਮੋਬਾਇਲ ਟੇਲੀਫੋਨ ਤੋਂ। ਕਾਲ ਦਾ ਖਰਚ ਇੱਕ ਲੋਕਲ ਕਾਲ ਵਾਲਾ ਹੈ। ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਸਹਾਇਤਾ ਦੀ ਜ਼ਰੂਰਤ ਹੈ ਤਾਂ, ਤੁਸੀਂ ਇੱਕ ਲੋਕਲ ਕਾਲ ਦੇ ਖਰਚੇ ਤੇ 131 450 ਉੱਤੇ ਅਨੁਵਾਦ ਅਤੇ ਦੋਭਾਸ਼ਿਆ ਸੇਵਾ (TIS) ਨਾਲ ਸੰਪਰਕ ਕਰ ਸੱਕਦੇ ਹੋ। ਇੱਕ ਦੋਭਾਸ਼ਿਆ ਸਾਨੂੰ ਸੰਪਰਕ ਕਰਨ ਵਿੱਚ ਫਿਰ ਤੁਹਾਡੀ ਮਦਦ ਕਰੇਗਾ।






# ਤੁਹਾਡੀ ਪ੍ਰਤੀਕਿਰਿਆ ਦਾ ਅਸੀਂ ਸਵਾਗਤ ਕਰਦੇ ਹਾਂ

## ਸ਼ਿਕਾਇਤਾਂ, ਪ੍ਰਸ਼ੰਸਾਵਾਂ ਅਤੇ ਸੁਝਾਅ

ਸਾਡੇ ਦੁਆਰਾ ਜਿਸ ਤਰਾਂ ਕੋਈ ਮਸਲਾ ਨੱਜਿਠਿਆ ਗਿਆ ਹੈ ਜਾਂ ਸੇਵਾ ਦਾ ਜੋ ਸਤਰ ਤੁਹਾਨੂੰ ਮਿਲਿਆ ਹੈ, ਉਸਤੋਂ ਜੇਕਰ ਤੁਸੀਂ ਸੰਤੁਸ਼ਟ ਨਹੀਂ ਹੋ, ਅਤੇ ਇਸ ਦਾ ਹੱਲ ਦਫਤਰ ਜਾਂ ਓਹ ਅਧਿਕਾਰੀ ਜਿਸ ਕੋਲ ਤੁਹਾਡਾ ਕੇਸ ਹੈ ਨਾਲ ਸੰਪਰਕ ਕਰਨ ਤੇ ਵੀ ਨਹੀਂ ਨਿਬੜਿਆ ਹੈ ਤਾਂ ਤੁਸੀਂ ਇੱਕ ਲਿਖਤੀ ਸ਼ਿਕਾਇਤ ਉੱਪਰ 'Confidential' (ਗੁਪਤ) ਲਿਖ ਕੇ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ:

**Complaints Officer**
Migration Review Tribunal and
Refugee Review Tribunal
GPO Box 1333
Sydney NSW 2001 /
complaints@mrt-rrt.gov.au

ਅਸੀਂ 5 ਕਾਰਜਕਾਰੀ ਦਿਨਾਂ ਦੇ ਅੰਦਰ ਤੁਹਾਡੀ ਸ਼ਿਕਾਇਤ ਦੀ ਪ੍ਰਾਪਤੀ ਸਵੀਕਾਰ ਕਰਾਂਗੇ। ਤੁਹਾਡੀ ਸ਼ਿਕਾਇਤ ਦੀ ਪੂਰੀ ਤਰ੍ਹਾਂ ਜਾਂਚ ਹੋਵੇਗੀ ਅਤੇ ਜਿੰਨ੍ਹੀ ਜਲਦੀ ਸੰਭਵ ਹੋ ਸਕੇ ਲਿਖਤੀ ਜਵਾਬ ਪ੍ਰਦਾਨ ਕੀਤਾ ਜਾਵੇਗਾ। ਬੇਨਾਮੀ ਸ਼ਿਕਾਇਤਾਂ ਵੀ ਕੀਤੀਆਂ ਜਾ ਸਕਦੀਆਂ ਹਨ, ਪਰ ਇਸ ਤਰਾਂ ਫਿਰ ਜਾਂਚ ਕਰਨਾ ਅਤੇ ਸ਼ਿਕਾਇਤ ਕਰਨ ਵਾਲੇ ਨੂੰ ਜਵਾਬ ਦੇਣਾ ਮੁਸ਼ਕਿਲ ਹੋ ਜਾਂਦਾ ਹੈ।

ਸਾਡੀ Annual Report (ਸਾਲਾਨਾ ਰਿਪੋਟ) 'ਚ ਅਸੀਂ ਬਹੁਤ ਸਾਰੀਆਂ ਤੇ ਵੱਖਰੇ ਪ੍ਰਕਾਰ ਦੀਆਂ ਮਿਲੀਆਂ ਸ਼ਿਕਾਇਤਾਂ, ਅਤੇ ਅਸੀਂ ਓਹਨਾਂ ਨਾਲ ਕਿਵੇਂ ਨਜਿਠਿਆ ਬਾਰੇ ਰਿਪੋਟ ਤਿਆਰ ਕਰਦੇ ਹਾਂ।

ਕੋਈ ਵੀ ਵਿਅਕਤੀ ਜਿਸ ਕੋਲ ਕਿਸੇ ਆਸਟ੍ਰੇਲਿਆਈ ਸਰਕਾਰੀ ਏਜੰਸੀ ਬਾਰੇ ਸ਼ਿਕਾਇਤ ਹੋਵੇ ਜੋ ਕਿ ਉਸਦਾ ਮਸਲਾ ਹੱਲ ਨਾ ਕਰ ਸਕੀ ਹੋਵੇ, ਓਹ ਰਾਸ਼ਟਰਮੰਡਲ ਲੋਕਪਾਲ (Commonwealth Ombudsman) ਨੂੰ ਸ਼ਿਕਾਇਤ ਕਰ ਸਕਦਾ ਹੈ। ਲੋਕਪਾਲ ਦਾ ਹਰ ਪ੍ਰਦੇਸ਼ ਅਤੇ ਟੈਰੇਟਰੀ ਵਿੱਚ ਇੱਕ ਦਫ਼ਤਰ ਹੈ ਅਤੇ ਉਸਦਾ ਇੱਕ ਰਾਸ਼ਟਰੀ ਸੰਪਰਕ ਨੰਬਰ (1300 362 072) ਹੈ। ਵਧੇਰੀ ਜਾਣਕਾਰੀ www.ombudsman.gov.au ਉੱਤੇ ਉਪਲੱਬਧ ਹੈ।

ਇਸ ਚਾਰਟਰ ਜਾਂ ਸਾਡੀ ਸੇਵਾ ਦੇ ਸਤਰ ਬਾਰੇ ਤੁਹਾਡੇ ਦੁਆਰਾ ਕੀਤੀਆਂ ਗਈਆਂ ਕੋਈ ਵੀ ਪ੍ਰਸ਼ੰਸਾਵਾਂ, ਟਿੱਪਣੀਆਂ ਜਾਂ ਸੁਝਾਆਵਾਂ ਦੀ ਅਸੀਂ ਕਦਰ ਅਤੇ ਸਵਾਗਤ ਕਰਦੇ ਹਾਂ। ਜੇਕਰ ਤੁਸੀਂ ਤੁਹਾਡੇ ਪ੍ਰਤੀ ਸਾਡੇ ਵਤੀਰੇ ਤੋਂ ਖੁਸ਼ ਹੋ, ਜਾਂ ਤੁਹਾਨੂੰ ਲੱਗਦਾ ਹੈ ਕਿ ਅਸੀਂ ਆਪਣੀ ਸੇਵਾ ਵਿੱਚ ਸੁਧਾਰ ਕਰ ਸੱਕਦੇ ਹਾਂ, ਤਾਂ ਕ੍ਰਿਪਾ ਸਾਨੂੰ ਦੱਸੋ। ਲਿਖਤੀ ਸੁਝਾਅ ਜਾਂ ਟਿੱਪਣੀਆਂ ਕਿਸੇ ਵੀ Tribunal office (ਟ੍ਰਾਈਬਿਊਨਲ ਦਫ਼ਤਰ) ਨੂੰ ਭੇਜੀਆਂ ਜਾ ਸਕਦੀਆਂ ਹਨ।

ਜੇਕਰ ਤੁਹਾਨੂੰ ਕਿਸੇ ਸੁਣਵਾਈ ਲਈ ਬੁਲਾਇਆ ਜਾਂਦਾ ਹੈ ਤਾਂ, ਤੁਹਾਨੂੰ ਸੁਣਵਾਈ ਦੀ ਜਗ੍ਹਾ ਅਤੇ ਸਮਾਂ ਪਹਿਲਾਂ ਹੀ ਦੱਸਿਆ ਜਾਵੇਗਾ। ਸਾਡੇ ਦਫਤਰਾਂ 'ਚ ਵੀਲ੍ਹਚੇਅਰ ਆ ਸਕਦੀ ਹੈ ਅਤੇ ਸੁਣਵਾਈ ਵਾਲੇ ਕਮਰਿਆਂ 'ਚ ਹੇਅਰਿੰਗ ਲੂਪ (Hearing Loops) ਉਪਲੱਬਧ ਹਨ।

ਸਾਡੀਆਂ ਕਾਰਵਾਈਆਂ ਅਤੇ ਕਾਰ-ਪ੍ਰਣਾਲੀਆਂ ਬਾਰੇ ਵਧੇਰੇ ਜਾਣਕਾਰੀ, ਅਤੇ ਅਰਜ਼ੀ ਦੇ ਫ਼ਾਰਮ ਅਤੇ ਹੋਰ ਕੋਈ ਫ਼ਾਰਮ ਸਾਡੇ ਕਿਸੇ ਵੀ ਦਫਤਰ ਵਿੱਚੋਂ ਜਾਂ www.mrt-rrt.gov.au ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।